30 ਜੂਨ, 2020 ਨੂੰ ਸੋਧਿਆ ਗਿਆ

**ਜਿਵੇਂ ਕਿ ਤੁਸੀਂ ਜਾਣਦੇ ਹੋ, ਜਨਗਣਨਾ ਬਿਊਰੋ ਦੀਆਂ ਕਾਰਵਾਈਆਂ COVID-19 ਕਾਰਨ ਬਦਲ ਰਹੀਆਂ ਹਨ। ਪਰਿਵਾਰ ਇਸ ਸਮੇਂ ਦੌਰਾਨ ਵੀ 2020 ਦੀ ਜਨਗਣਨਾ ਦਾ ਪ੍ਰਤੀਕਿਰਿਆ ਦੇ ਸਕਦੇ ਹਨ।** ਤੁਸੀਂ ਜਨਗਣਨਾ ਦੀ ਪ੍ਰਤੀਕਿਰਿਆ ਬਿਨਾਂ ਕਿਸੇ ਜਨਗਣਨਾ ਲੈਣ ਵਾਲੇ ਨੂੰ ਵਿਅਕਤੀਗਤ ਤੌਰ ਤੇ ਮਿਲਿਆਂ ਆਪਣੇ ਆਪ ਹੀ ਦੇ ਸਕਦੇ ਹੋ - ਔਨ-ਲਾਈਨ, ਫੋਨ ਦੁਆਰਾ, ਜਾਂ ਡਾਕ ਦੁਆਰਾ। ਪ੍ਰਤੀਕਿਰਿਆ ਦੇਣ ਦੀ ਆਖਰੀ ਮਿਤੀ 31 ਜੁਲਾਈ ਤੋਂ 31 ਅਕਤੂਬਰ ਤੱਕ ਵਧਾ ਦਿੱਤੀ ਗਈ ਹੈ।

- ਤੁਸੀਂ www.2020census.gov ਤੇ ਔਨ-ਲਾਈਨ ਪ੍ਰਤੀਕਿਰਿਆ ਦੇ ਸਕਦੇ ਹੋ।
- ਤੁਸੀਂ ਪ੍ਰਸ਼ਨ ਪੁੱਛ ਸਕਦੇ ਹੋ ਜਾਂ ਫੋਨ ਦੁਆਰਾ ਪ੍ਰਤੀਕਿਰਿਆ ਦੇ ਸਕਦੇ ਹੋ। ਫੋਨ ਨੰਬਰਾਂ ਲਈ ਸਾਡਾ ਜਨਗਣਨਾ ਇਸ਼ਤਿਹਾਰ ਵੇਖੋ।
- ਜੇ ਤੁਸੀਂ ਜਨਗਣਨਾ ਦੀ ਪ੍ਰਤੀਕਿਰਿਆ ਨਹੀਂ ਦਿੱਤੀ ਤਾਂ ਜਨਗਣਨਾ ਬਿਊਰੋ 22 ਜੁਲਾਈ ਦੇ ਹਫਤੇ ਦੌਰਾਨ ਤੁਹਾਨੂੰ ਵਿਲੱਖਣ ਆਈਡੀ ਵਾਲਾ ਇਕਪੋਸਟਕਾਰਡ ਭੇਜੇਗਾ ।
    - ਇਸ ਵਿਚ ਕਾਗਜ਼ੀ ਪ੍ਰਸ਼ਨਾਵਲੀ ਸ਼ਾਮਲ ਨਹੀਂ ਹੋਏਗੀ। ਇਸ ਲਈ ਇਹ ਯਕੀਨੀ ਬਣਾਓ ਕਿ ਔਨ-ਲਾਈਨ ਜਾਓ ਜਾਂ ਪ੍ਰਤੀਕਿਰਿਆ ਦੇਣ ਲਈ ਜਨਗਣਨਾ ਬਿਊਰੋ ਨੂੰ ਕਾਲ ਕਰੋ।
    - ਜੇ ਤੁਹਾਨੂੰ ਪਹਿਲਾਂ ਮੇਲ ਵਿਚ ਇਕ ਕਾਗਜ਼ੀ-ਪ੍ਰਸ਼ਨਾਵਲੀ ਮਿਲੀ ਸੀ, ਤਾਂ ਤੁਸੀਂ ਅਜੇ ਵੀ ਉਸ ਕਾਗਜ਼ੀ-ਪ੍ਰਸ਼ਨਾਵਲੀ ਦੀ ਵਰਤੋਂ ਕਰਕੇ ਡਾਕ ਦੁਆਰਾ ਪ੍ਰਤੀਕਿਰਿਆ ਦੇ ਸਕਦੇ ਹੋ। ਹਾਲਾਂਕਿ ਜਨਗਣਨਾ ਬਿਊਰੋ ਦੀ ਉਨ੍ਹਾਂ ਘਰਾਂ ਨੂੰ ਨਵੀਂ ਕਾਗਜ਼ੀ-ਪ੍ਰਸ਼ਨਾਵਲੀ ਭੇਜਣ ਦੀ ਯੋਜਨਾ ਨਹੀਂ ਹੈ ਜਿਨ੍ਹਾਂ ਨੇ ਸਮੇਂ ਸਿਰ ਪ੍ਰਤੀਕਿਰਿਆ ਨਹੀਂ ਦਿੱਤੀ।
- ਜਨਗਣਨਾ ਬਿਊਰੋ ਨੇ 24 ਜੂਨ ਤੋਂ 3 ਜੁਲਾਈ ਦਰਮਿਆਨ ਸਮੁਦਾਇਆਂ ਵਿੱਚ ਪੋਸਟ ਆਫਿਸ ਬਾਕਸਾਂ ਲਈ ਰਿਮਾਇੰਡਰ ਪੋਸਟ ਕਾਰਡ ਭੇਜੇ ਜਿੱਥੇ ਸਿਰਫ ਪੀ.ਓ. ਬਾਕਸ ਦਾ ਹੀ ਮੇਲਿੰਗ ਪਤਾ ਉਪਲਭਦ ਹੈ।
    - ਪੋਸਟਕਾਰਡ ਘਰਾਂ ਨੂੰ ਇਹ ਦੱਸਣ ਲਈ ਹਨ ਕਿ ਜਨਗਣਨਾ ਲੈਣ ਵਾਲਾ ਜਨਗਣਨਾ ਦੇ ਸੱਦੇ ਜਲਦੀ ਹੀ ਭੇਜੇਗਾ ਜਾਂ ਕਿ ਫਿਰ ਬਾਅਦ ਵਿੱਚ ਉਹਨਾਂ ਦਾ ਇੰਟਰਵਿਊ ਲੈਣ ਲਈ ਜਾਵੇਗਾ। 2020 ਦੀ ਜਨਗਣਨਾ ਨੂੰ ਔਨ-ਲਾਈਨ ਜਾਂ ਫ਼ੋਨ ਦੁਆਰਾ ਕਿਵੇਂ ਪ੍ਰਤੀਕਿਰਿਆ ਦੇਣੀ ਹੈ ਬਾਰੇ ਵੀ ਇਹ ਪੋਸਟਕਾਰਡ ਜਾਣਕਾਰੀ ਪ੍ਰਦਾਨ ਕਰਦੇ ਹਨ। ਜਿਵੇਂ ਹੀ ਘਰਾਂ ਨੂੰ 2020 ਦੀ ਜਨਗਣਨਾ ਦਾ ਆਪਣੇ ਸੱਦੇ ਦਾ ਪੈਕੇਟ ਮਿਲਦਾ ਹੈ ਉਨ੍ਹਾਂ ਨੂੰ ਉੱਤਰ ਦੇਣਾ ਚਾਹੀਦਾ ਹੈ ।
    - ਉਹ ਪਰਿਵਾਰ ਜਿਹੜੇ ਪੀ.ਓ. ਬਾਕਸ ਵਿਚ ਮੇਲ ਪ੍ਰਾਪਤ ਕਰਦੇ ਹਨ ਅਤੇ ਜਦੋਂ ਉਹ ਪ੍ਰਤੀਕਿਰਿਆ ਦਿੰਦੇ ਹਨ ਤਾਂ ਉਹਨਾਂ ਨੂੰ ਰਿਹਾਇਸ਼ੀ ਪਤਾ (ਨਾਂ ਕਿ ਉਹਨਾਂ ਦਾ ਪੀ.ਓ. ਬਾਕਸ ਨੰਬਰ) ਪ੍ਰਦਾਨ ਕਰਨਾ ਚਾਹੀਦਾ ਹੈ ਇਹ ਯਕੀਨੀ ਬਣਾਉਣ ਲਈ ਕਿ ਪ੍ਰਤੀਕਿਰਿਆ ਰਿਹਾਇਸ਼ੀ ਸਥਾਨ ਨਾਲ ਸੰਬੰਧਿਤ ਹੈ ਨਾ ਕਿ ਉਹਨਾਂ ਦੇ ਉਸ ਪਤੇ ਨਾਲ ਜਿਥੇ ਉਹਨਾਂ ਨੂੰ ਮੇਲ ਪ੍ਰਾਪਤ ਹੁੰਦੀ ਹੈ। ਪਰਿਵਾਰ ਅੰਗਰੇਜ਼ੀ ਜਾਂ 12 ਹੋਰ ਭਾਸ਼ਾਵਾਂ ਵਿਚ ਔਨ-ਲਾਈਨ ਪ੍ਰਤੀਕਿਰਿਆ ਦੇ ਸਕਦੇ ਹਨ, ਫੋਨ ਰਾਂਹੀਂ ਪੈਕਟ ਵਿਚ ਸ਼ਾਮਲ ਜਨਗਣਨਾ ਆਈਡੀ ਦੀ ਵਰਤੋਂ ਕਰਕੇ ਜਾਂ ਕਾਗਜ਼ੀ-ਪ੍ਰਸ਼ਨਾਵਲੀ ਨੂੰ ਪੂਰਾ ਕਰਕੇ ਅਤੇ ਡਾਕ ਰਾਂਹੀਂ ਵਾਪਸ ਭੇਜ ਕੇ।

ਪ੍ਰਤੀਕਿਰਿਆ ਕਿਵੇਂ ਦੇਣੀ ਹੈ ਅਤੇ ਭਾਸ਼ਾ ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ ਸਾਡਾ ਹੇਠਾਂ ਦਿੱਤਾ ਤੱਥ-ਪੱਤਰ ਵੇਖੋ।

- ਜਨਗਣਨਾ ਬਿਊਰੋ ਵੱਲੋਂ ਉਨ੍ਹਾਂ ਦੀਆਂ ਕਾਰਜਕਾਰੀ ਤਬਦੀਲੀਆਂ ਬਾਰੇ ਤਾਜ਼ਾ ਜਾਣਕਾਰੀ ਇਸ ਪ੍ਰਕਾਰ ਹੈ :
- ਔਨ-ਲਾਈਨ, ਫੋਨ ਦੁਆਰਾ, ਜਾਂ ਕਾਗਜ਼ੀ-ਫਾਰਮ ਮੇਲ ਕਰਕੇ ਪ੍ਰਤੀਕਿਰਿਆ ਦੇਣ ਦੀ ਆਖਰੀ ਮਿਤੀ 31 ਜੁਲਾਈ ਤੋਂ 31 ਅਕਤੂਬਰ ਤੱਕ ਵਧਾ ਦਿੱਤੀ ਗਈ ਹੈ।
- ਬੇ-ਘਰੇਪਨ ਦਾ ਅਨੁਭਵ ਕਰ ਰਹੇ ਲੋਕਾਂ ਦੀ ਗਿਣਤੀ ਉਹਨਾਂ ਦੇ ਨਿਵਾਸ ਸਥਾਨ ਤੇ ਹੀ ਕੀਤੀ ਜਾਏਗੀ ਜਦੋਂ ਕਿ ਜਨਗਣਨਾ ਲੈਣ ਵਾਲੇ 22-24 ਸਤੰਬਰ ਦੇ ਵਿਚਕਾਰ ਦੌਰਾ ਕਰਨਗੇ। ਜਨਗਣਨਾ ਲੈਣ ਵਾਲੇ ਨਿੱਜੀ ਸੁਰੱਖਿਆ ਉਪਕਰਣਾਂ (ਪੀਪੀਈ) ਅਤੇ ਸਮਾਜਕ ਦੂਰੀਆਂ ਬਾਰੇ ਤਾਜ਼ਾ ਸਥਾਨਕ-ਜਨ-ਸਿਹਤ ਨਿਰਦੇਸ਼ਾਂ ਦੀ ਪਾਲਣਾ ਕਰਨਗੇ।
- 3 ਤੋਂ 28 ਸਤੰਬਰ ਤੱਕ, ਜਨਗਣਨਾ ਲੈਣ ਵਾਲੇ ਲੋਕਾਂ ਨੂੰ ਕੈਂਪ ਦੇ ਮੈਦਾਨਾਂ, ਆਰ.ਵੀ ਪਾਰਕਾਂ, ਮਰੀਨਾਂ ਅਤੇ ਹੋਟਲਾਂ ਵਿਚ ਗਿਣਨਗੇ ਜੇ ਉਹ ਆਮ ਤੌਰ ਤੇ ਕਿਤੇ ਹੋਰ ਨਹੀਂ ਰਹਿੰਦੇ।
- ਜਨਗਣਨਾ ਬਿਊਰੋ ਨੇ 14 ਜੂਨ ਨੂੰ ਅਪਡੇਟ ਐਨਉਮੀਰੇਟ ਆਪ੍ਰੇਸ਼ਨ ਦੁਬਾਰਾ ਸ਼ੁਰੂ ਕੀਤਾ। ਕਿਉਂਕਿ ਭੂਗੋਲਿਕ ਤੌਰ ਤੇ ਇਹ ਖੇਤਰ ਦੂਰ-ਦੁਰਾਡੇ ਹਨ ਇਸ ਲਈ ਜਨਗਣਨਾ ਲੈਣ ਵਾਲੇ ਔਨ ਲਾਈਨ, ਫੋਨ ਜਾਂ ਡਾਕ ਰਾਹੀਂ ਪ੍ਰਤੀਕਿਰਿਆ ਲੈਣ ਦੀ ਬਜਾਏ ਇਹਨਾਂ ਪਰਿਵਾਰਾਂ ਤੋਂ ਵਿਅਕਤੀਗਤ ਰੂਪ ਵਿੱਚ ਜਨਗਣਨਾ ਪ੍ਰਤੀਕਰਮ ਇਕੱਤਰ ਕਰਦੇ ਹਨ। ਕਾਰਵਾਈ 14 ਜੂਨ ਤੋਂ 29 ਜੁਲਾਈ ਤਕ ਹੋ ਰਹੀ ਹੈ।
- ਗੈਰ-ਪ੍ਰਤੀਕਿਰਿਆ ਫਾਲੋ-ਅਪ ਦੀ ਸ਼ੁਰੂਆਤ, ਜਦੋਂਕਿ ਜਨਗਣਨਾ ਲੈਣ ਵਾਲੇ ਘਰ-ਘਰ ਜਾ ਕੇ ਉਨ੍ਹਾਂ ਘਰਾਂ ਦੀ ਗਿਣਤੀ ਕਰਨ ਜਾਂਦੇ ਹਨ ਜਿਨ੍ਹਾਂ ਨੇ ਅਜੇ ਤਕ ਪ੍ਰਤੀਕਿਰਿਆ ਨਹੀਂ ਦਿੱਤੀ, ਦੇਰੀ ਨਾਲ ਕੀਤੀ ਜਾਏਗੀ। ਜ਼ਿਆਦਾਤਰ ਖੇਤਰਾਂ ਵਿੱਚ ਇਸ ਨੂੰ 11 ਅਗਸਤ ਤੱਕ ਅੱਗੇ ਕੀਤਾ ਗਿਆ ਹੈ ਅਤੇ ਇਹ 31 ਅਕਤੂਬਰ ਤਕ ਪੂਰੀ ਹੋਏਗੀ।
- ਮੱਧ ਜੁਲਾਈ ਤੋਂ ਸ਼ੁਰੂ ਕਰਕੇ ਜਨਗਣਨਾ ਬਿਊਰੋ ਦੇਸ਼ ਭਰ ਵਿਚ ਛੇ ਖੇਤਰਾਂ ਵਿਚ ਜਨਗਣਨਾ ਦਫ਼ਤਰ (ਏਸੀਓ) ਦੁਬਾਰਾ ਖੋਲ੍ਹ ਦੇਵੇਗਾ ਅਤੇ ਉਨ੍ਹਾਂ ਘਰਾਂ ਦੀ ਇੰਟਰਵਿਊ ਲੈਣਾ ਸ਼ੁਰੂ ਕਰੇਗਾ ਜੋ ਅਜੇ ਤੱਕ 2020 ਦੀ ਜਨਗਣਨਾ ਦੀ ਪ੍ਰਤੀਕਿਰਿਆ ਨਹੀਂ ਦੇ ਸਕੇ।

- ਇਹ ਇਕ ਜਲਦੀ ਸ਼ੁਰੂਆਤ ਹੋਵੇਗੀ ਕਿਉਂਕਿ ਦੇਸ਼ ਦੇ ਬਹੁਤੇਰੇ ਭਾਗਾਂ ਵਿਚ ਅਗਸਤ ਤਕ ਨਿੱਜੀ ਤੌਰ ਤੇ ਗੈਰ-ਪ੍ਰਤੀਕਿਰਿਆ ਫਾਲੋ-ਅਪ ਨਹੀਂ ਹੋਵੇਗਾ।
    - ਜਲਦੀ ਸ਼ੁਰੂਆਤ ਕਰਨ ਵਾਲੇ ਛੇ ਏਸੀਓਜ਼ ਦੀ ਘੋਸ਼ਣਾ ਜੁਲਾਈ ਦੇ ਅਰੰਭ ਵਿੱਚ ਕੀਤੀ ਜਾਏਗੀ।
    - ਜੁਲਾਈ ਅੰਤ ਵਿੱਚ ਹੋਣ ਵਾਲੀ ਦੂਜੀ ਲਹਿਰ ਦੇ ਸਹਜ ਆਰੰਭ ਲਈ ਹੋਰਨਾਂ ਖੇਤਰੀ ਜਨਗਣਨਾ ਦਫਤਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ।
    - **ਸਾਰੇ ਜਨਗਣਨਾ ਲੈਣ ਵਾਲਿਆਂ ਨੂੰ ਸਮਾਜਕ ਦੂਰੀਆਂ ਵਾਲੇ ਪ੍ਰੋਟੋਕੋਲਾਂ ਤੇ ਸਿਖਲਾਈ ਦਿੱਤੀ ਜਾਏਗੀ। ਉਹਨਾਂ ਨੂੰ ਪੀਪੀਈ ਜਾਰੀ ਕੀਤੇ ਜਾਣਗੇ ਅਤੇ ਉਹਨਾਂ ਦੀ ਵਰਤੋਂ ਲਈ ਸਥਾਨਕ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ।**
- ***ਗੈਰ-ਪ੍ਰਤੀਕਿਰਿਆ ਫਾਲੋ-ਅਪ ਲਈ ਪੁਨਰ-ਇੰਟਰਵਿਊ : ਕੁਝ ਮਾਮਲਿਆਂ ਵਿੱਚ ਇਕ ਦੂਜੀ ਜਨਗਣਨਾ ਲੈਣ ਵਾਲਾ ਪਰਿਵਾਰ ਦਾ ਇੱਕ ਛੋਟਾ ਇੰਟਰਵਿਊ ਲੈਣ ਲਈ ਜਾ ਸਕਦਾ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਹਰੇਕ ਜਨਗਣਨਾ ਲੈਣ ਵਾਲੇ ਨੇ ਜਨਗਣਨਾ ਬਿਊਰੋ ਦੀ ਸਿਖਲਾਈ ਦੀ ਪਾਲਣਾ ਕੀਤੀ ਅਤੇ ਆਪਣਾ ਕੰਮ ਸਹੀ ਤਰੀਕੇ ਨਾਲ ਕੀਤਾ। ਪੁਨਰ-ਇੰਟਰਵਿਊ ਉਸ ਵਿਅਕਤੀ ਨਾਲੋਂ ਵੱਖਰੇ ਜਨਗਣਨਾ ਕਰਨ ਵਾਲੇ ਦੁਆਰਾ ਕੀਤਾ ਜਾਏਗੀ ਜਿਸਨੇ ਪਹਿਲਾਂ ਘਰ ਦਾ ਦੌਰਾ ਕੀਤਾ ਸੀ। ਗੈਰ-ਪ੍ਰਤੀਕਿਰਿਆ ਫਾਲੋ-ਅਪ ਇੰਟਰਵਿਊ ਅਭਿਆਨ 12 ਅਗਸਤ ਤੋਂ 31 ਅਕਤੂਬਰ ਤੱਕ ਚੱਲੇਗਾ। ਸਾਰੇ ਜਨਗਣਨਾ ਲੈਣ ਵਾਲਿਆਂ ਕੋਲ ਅਧਿਕਾਰਤ ਆਈਡੀ ਬੈਜ ਹਨ ਜਿਨ੍ਹਾਂ ਵਿੱਚ ਉਨ੍ਹਾਂ ਦਾ ਨਾਮ, ਫੋਟੋ, ਸੰਯੁਕਤ ਰਾਜ ਦੇ ਵਣਜ ਵਿਭਾਗ ਦਾ ਵਾਟਰਮਾਰਕ ਅਤੇ ਇੱਕ ਮਿਆਦ ਖਤਮ ਹੋਣ ਦੀ ਤਾਰੀਖ ਸ਼ਾਮਲ ਹੈ।***
- ਜਨਗਣਨਾ ਬਿਯੂਰੋ ਦੇ ਮੋਬਾਈਲ ਪ੍ਰਸ਼ਨਾਵਲੀ ਸਹਾਇਤਾ (ਐਮ.ਕਯੂ.ਏ) ਪ੍ਰੋਗਰਾਮ ਨੂੰ ਸੋਧਿਆ ਜਾ ਰਿਹਾ ਹੈ। ਜਨਗਣਨਾ ਬਿਊਰੋ ਨੂੰ ਉਮੀਦ ਹੈ ਕਿ ਐਮ.ਕਯੂ.ਏ ਦੇ ਕਰਮਚਾਰੀ ਘੱਟ-ਪ੍ਰਤੀਕਿਰਿਆ ਦੇਣ ਵਾਲੇ ਖੇਤਰਾਂ ਵਿੱਚ ਵਿਅਕਤੀਗਤ ਜਨਗਣਨਾ ਸਹਾਇਤਾ ਦੁਬਾਰਾ ਸ਼ੁਰੂ ਕਰ ਸਕਣਗੇ। ਐਮ.ਕਯੂ.ਏ ਵਿਚ ਸ਼ਾਮਲ ਸਾਰੀ ਜਨਗਣਨਾ ਬਿਯੂਰੋ ਦਾ ਸਟਾਫ ਪੀਪੀਈ ਅਤੇ ਸਮਾਜਕ ਦੂਰੀਆਂ ਦੇ ਸੰਬੰਧ ਵਿਚ ਸਥਾਨਕ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਗੇ।
- ਜਨਗਣਨਾ ਬਿਊਰੋ ਆਪਣੀ ਸੰਚਾਰ ਮੁਹਿੰਮ ਨੂੰ ਅਕਤੂਬਰ 2020 ਤੱਕ ਜਾਰੀ ਰੱਖੇਗੀ। ਵਿਸਤ੍ਰਿਤ ਵਿਗਿਆਪਨ ਮੁਹਿੰਮ 33 ਭਾਸ਼ਾਵਾਂ ਵਿੱਚ ਨਵੇਂ ਸਰੋਤਿਆਂ ਤੱਕ ਪਹੁੰਚਦੀ ਹੈ ਜਿਸ ਨਾਲ ਕੁੱਲ 45 ਗੈਰ-ਅੰਗਰੇਜ਼ੀ ਭਾਸ਼ਾਵਾਂ ਹੋ ਜਾਂਦੀਆਂ ਹਨ। ਵਿਸਤ੍ਰਿਤ ਭਾਸ਼ਾਵਾਂ ਪ੍ਰਿੰਟ ਅਤੇ ਡਿਜੀਟਲ ਇਸ਼ਤਿਹਾਰਬਾਜ਼ੀ ਨੂੰ ਕਵਰ ਕਰਨਗੀਆਂ ਤਾਂ ਜੋ ਇਤਿਹਾਸਕ ਰੂਪ ਨਾਲ ਘੱਟ ਗਿਣੇ ਜਾਣ ਵਾਲੇ ਖੇਤਰਾਂ ਦੀ ਗਿਣਤੀ ਕੀਤੀ ਜਾ ਸਕੇ।

**ਕੈਂਪਸ ਤੋਂ ਬਾਹਰ ਰਹਿ ਰਹੇ ਕਾਲਜ ਦੇ ਵਿਦਿਆਰਥੀਆਂ ਨੂੰ ਗਿਣਨਾ**

ਜਨਗਣਨਾ ਬਿਊਰੋ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੱਡੀ ਗਿਣਤੀ ਵਿੱਚ ਆਫ਼-ਕੈਂਪਸ ਵਿਦਿਆਰਥੀਆਂ ਦੀ ਆਬਾਦੀ ਨਾਲ ਸੰਪਰਕ ਕਰ ਰਿਹਾ ਹੈ ਤਾਂ ਕਿ ਇਹ ਸੁਨਿਸ਼ਚਿਤ ਹੋਵੇ ਕਿ ਉਹਨਾਂ ਨੂੰ 2020 ਦੀ ਜਨਗਣਨਾ ਵਿੱਚ ਸਹੀ ਸਥਾਨ ਤੇ ਗਿਣਿਆ ਜਾਵੇ ਭਾਵੇਂ ਕਿ ਉਹ ਸਕੂਲ ਬੰਦ ਹੋਣ ਜਾਂ ਦੂਰ-ਸਿੱਖਿਆ ਕਾਰਨ ਪਹਿਲਾਂ ਹੀ ਘਰ ਗਏ ਹੋਣ।

- ਜਨਗਣਨਾ ਬਿਊਰੋ ਨੇ ਕਾਲਜਾਂ ਤੋਂ ਆਫ-ਕੈਂਪਸ ਦੇ ਵਿਦਿਆਰਥੀਆਂ ਵਲੋਂ ਪਹਿਲਾਂ ਤੋਂ ਮੁਹੱਈਆ ਕੀਤੀ ਗਈ ਮੁਢਲੀ ਜਾਣਕਾਰੀ ਦੇ ਕੇ ਸਹਾਇਤਾ ਮੰਗੀ ਸੀ।
- ਜਨਗਣਨਾ ਬਿਊਰੋ ਦੇ ਸਟਾਫ ਨੇ 16 ਜੂਨ ਨੂੰ ਸਕੂਲ ਅਧਿਕਾਰੀਆਂ ਨੂੰ ਕਾਲ ਕਰਨਾ ਸ਼ੁਰੂ ਕੀਤਾ ਅਤੇ ਘੱਟੋ ਘੱਟ ਪੂਰਾ ਨਾਮ, ਜਨਮ ਮਿਤੀ ਅਤੇ ਸਥਾਨਕ ਅਤੇ ਵਿਕਲਪਕ ਪਤਿਆਂ ਲਈ ਬੇਨਤੀ ਕਰੇਗਾ। ਇਸ ਜਾਣਕਾਰੀ ਤਕ ਪਹੁੰਚ ਹੋਣ ਕਾਰਨ ਜਨਗਣਨਾ ਬਿਊਰੋ ਇਹ ਯਕੀਨੀ ਬਣਾ ਸਕਦਾ ਹੈ ਕਿ ਕਾਲਜ ਦੇ ਵਿਦਿਆਰਥੀਆਂ ਨੂੰ ਸਹੀ ਸਥਾਨ ਤੇ ਗਿਣਿਆ ਗਿਆ ਹੈ, ਜਿਸ ਵਿਚ ਜਨਗਣਨਾ ਪ੍ਰਤੀ ਡੁਪਲੀਕੇਟ ਜਵਾਬਾਂ ਨੂੰ ਹਟਾਉਣਾ ਜਾਂ ਵਿਦਿਆਰਥੀ ਦੀ ਗਿਣਤੀ ਕਰਨਾ ਸ਼ਾਮਲ ਹੈ (ਜੇ ਕਿਸੇ ਹੋਰ ਜਗ੍ਹਾ ਤੇ ਅਜਿਹੇ ਵਿਅਕਤੀ ਦਾ ਕੋਈ ਹੋਰ ਰਿਕਾਰਡ ਨਹੀਂ ਹੈ) ਜਨਗਣਨਾ ਬਿਊਰੋ ਵਲੋਂ ਹੋਰ ਜਾਣਕਾਰੀ ਇਕੱਠੀ ਕਰਨ ਦੀ ਤਰਾਂ ਇਹ ਨਿਜੀ ਜਾਣਕਾਰੀ ਕਾਨੂੰਨ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ।
- ਇੱਥੇ ਕਾਲਜ ਅਤੇ ਯੂਨੀਵਰਸਿਟੀ ਦੇ ਪ੍ਰਧਾਨਾਂ ਲਈ ਜਨਗਣਨਾ ਬਿਊਰੋ ਦਾ ਪੱਤਰ ਵੇਖੋ।

**ਜਨਗਣਨਾ ਬਿਊਰੋ ਵਲੋਂ ਭਰਤੀ**

ਜਨਗਣਨਾ ਬਿਊਰੋ ਜਨਗਣਨਾ ਲੈਣ ਵਾਲਿਆਂ ਅਤੇ ਅਸਥਾਈ ਕਾਮਿਆਂ ਦੀ ਭਰਤੀ ਜਾਰੀ ਰੱਖ ਰਹੀ ਹੈ। ਇੱਥੇ ਵੇਖੋ ਕਿ ਕਿਸ ਕਾਉਂਟੀ ਲਈ ਜਨਗਣਨਾ ਬਿਊਰੋ ਅਜੇ ਵੀ ਭਰਤੀ ਕਰ ਰਹੀ ਹੈ।

ਹੋਰ ਦੇਖੋ Www.CountUsIn2020.org/covid-19 ਉੱਤੇ